# ਇਤਿਹਾਸ
## ਸ਼੍ਰੇਣੀ-ਗਿਆਰਵੀਂ
## ਸਮੈਸਟਰ-I

**ਸਮਾਂ- 2$^{1/2}$ ਘੰਟੇ** **ਲਿਖਤੀ ਪੇਪਰ ਅੰਕ : 55**

] **ਸੀ.ਸੀ.ਈ : 25**

**ਕੁੱਲ ਅੰਕ : 8●**

### ਪ੍ਰਸ਼ਨ ਪੱਤਰ ਦੀ ਰੂਪ ਰੇਖਾ

1. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਭਾਗ ੳ, ਅ ਅਤੇ ੲ ਵਿੱਚ ਵੰਡਿਆ ਹੋਵੇਗਾ। ਸਾਰੇ ਭਾਗ ਕਰਨੇ ਲਾਜ਼ਮੀ ਹੋਣਗੇ।
2. ਭਾਗ ੳ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਇਸ ਦੇ ਇਤਿਹਾਸ ਤੇ ਉਨ੍ਹਾਂ ਦਾ ਪ੍ਰਭਾਵ' ਤੋਂ 'ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ ਦੇ ਅਧੀਨ ਸਿੱਖ ਧਰਮ ਦਾ ਵਿਕਾਸ' ਤੱਕ ਦੀ ਸਮੱਗਰੀ ਸ਼ਾਮਲ ਹੋਵੇਗੀ।
3. ਭਾਗ ਅ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੀ ਸ਼ਹੀਦੀ ਤੋਂ ਬੰਦਾ ਸਿੰਘ ਬਹਾਦਰ ਤੱਕ ਦੀ ਸਮੱਗਰੀ ਸ਼ਾਮਿਲ ਹੋਵੇਗੀ।
4. ਭਾਗ ੲ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਮਹੱਤਵਪੂਰਨ ਲੜਾਈਆਂ ਅਤੇ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਸਬੰਧੀ ਦੋ ਨਕਸ਼ੇ ਹੋਣਗੇ।
5. ਕੁਲ 19 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਲਾਜ਼ਮੀ ਹੋਣਗੇ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਹੋਣਗੇ।
6. ਭਾਗ ੳ ਅਤੇ ਅ ਵਿੱਚੋਂ 9-9 ਪ੍ਰਸ਼ਨ ਹੋਣਗੇ ਅਤੇ ਭਾਗ-ੲ ਵਿੱਚੋਂ ਨਕਸ਼ੇ ਦਾ ਇੱਕ ਪ੍ਰਸ਼ਨ ਹੋਵੇਗਾ।
7. ਭਾਗ ੳ ਵਿੱਚੋਂ ਪ੍ਰਸ਼ਨ ਨੰ: 1 ਤੋਂ 5 ਅਤੇ ਭਾਗ ਅ ਵਿੱਚੋਂ ਪ੍ਰਸ਼ਨ 1● ਤੋਂ 14 ਤੱਕ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 1●-15 ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। 1 X 10= 10
8. ਭਾਗ ੳ ਵਿੱਚੋਂ ਪ੍ਰਸ਼ਨ 6 ਤੋਂ 8 ਅਤੇ ਭਾਗ ਅ ਵਿਚੋਂ ਪ੍ਰਸ਼ਨ ਨੰ : 15 ਤੋਂ 17 ਤੱਕ ਹੋਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 55-65 ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। 3 X 6= 18
9. ਭਾਗ ੳ ਵਿੱਚੋਂ ਪ੍ਰਸ਼ਨ ਨੰ: 9 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ: 18 ਸੈੱਟ ਕੀਤਾ ਜਾਵੇਗਾ। ਹਰੇਕ ਪ੍ਰਸ਼ਨ 8 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 2●●-25● ਸ਼ਬਦਾਂ ਵਿੱਚ ਦੇਣਾ ਹੋਵੇਗਾ। ਇਨ੍ਹਾਂ ਪ੍ਰਸ਼ਨਾਂ ਵਿੱਚ 1●●% ਅੰਦਰੂਨੀ ਛੋਟ ਹੋਵੇਗੀ। ਪੇਪਰ ਸੈਟਰ ਇੱਕ ਚੈਪਟਰ ਵਿੱਚੋਂ ਇੱਕ ਤੋਂ ਵੱਧ ਪ੍ਰਸ਼ਨ ਸੈੱਟ ਨਹੀਂ ਕਰੇਗਾ।
 8 X 2= 16
10. ਭਾਗ ੲ ਵਿੱਚੋਂ ਨਕਸ਼ੇ ਦਾ ਪ੍ਰਸ਼ਨ ਨੰ: 19 ਸੈੱਟ ਕੀਤਾ ਜਾਵੇਗਾ, ਜਿਸ ਵਿੱਚ 1●●% ਅੰਦਰੂਨੀ ਛੋਟ ਦਿੱਤੀ ਜਾਵੇਗੀ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ ਹੋਣਗੇ। ਉਪ-ਭਾਗ ੳ ਵਿੱਚ ਮਾਨਚਿੱਤਰ ਭਰਨ ਲਈ ਕਿਹਾ ਜਾਵੇਗਾ ਅਤੇ ਇਸ ਦੇ 6 ਅੰਕ ਹੋਣਗੇ। ਉਪ-ਭਾਗ ਅ ਵਿੱਚ ਮਾਨਚਿੱਤਰ ਵਿੱਚ ਭਰੇ ਹੋਏ ਸਥਾਨਾਂ ਦੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ ਅਤੇ ਜਿਸ ਦੇ 5 ਅੰਕ ਹੋਣਗੇ। ਉਪ-ਭਾਗ ਅ ਦਾ ਉੱਤਰ ਲਗ-ਪਗ 9●-1●● ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। 6 + 5 = 11
11. ਕੇਵਲ ਨੇਤਰਹੀਣ ਵਿਦਿਆਰਥੀਆਂ ਲਈ : (ਨੇਤਰਹੀਣ ਵਿਦਿਆਰਥੀਆਂ ਨੂੰ ਨਕਸ਼ੇ ਵਾਲੇ ਪ੍ਰਸ਼ਨ ਦੀ ਥਾਂ ਤੇ ਇੱਥੇ ਵੱਖਰਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ 6 ਅਤੇ 5 ਅੰਕਾਂ ਦੇ ਹੋਣਗੇ ਜਿਨ੍ਹਾਂ ਵਿੱਚ 1●●% ਅੰਦਰੂਨੀ ਛੋਟ ਦਿੱਤੀ ਜਾਵੇਗੀ।

## ਪਾਠ ਕ੍ਰਮ ਦੀ ਵੰਡ

### ਭਾਗ–ੳ

1. ਸਿੰਧੂ ਘਾਟੀ ਦੀ ਸਭਿਅਤਾ
2. ਭਾਰਤੀ ਆਰੀਆ
3. ਜੈਨ ਧਰਮ ਅਤੇ ਬੁੱਧ ਧਰਮ
4. ਮੌਰੀਆ ਯੁੱਗ
5. ਗੁਪਤਕਾਲ

### ਭਾਗ–ਅ

6. ਵਰਧਨ ਸ਼ਾਸਕ ਅਤੇ ਉਨ੍ਹਾਂ ਦਾ ਸਮਾਂ
7. ਰਾਜਪੂਤ ਅਤੇ ਉਨ੍ਹਾਂ ਦਾ ਕਾਲ
8. ਦਿੱਲੀ ਸਲਤਨਤ
9. ਦੱਖਣ ਦੇ ਰਾਜ

### ਭਾਗ–ੲ

1. ਸਿੰਧ ਘਾਟੀ ਸਭਿਅਤਾ ਤੇ ਸਥਾਨ
2. ਅਸ਼ੋਕ ਦੇ ਸਾਮਰਾਜ ਦਾ ਵਿਸਥਾਰ
3. ਸੰਮੁਦਰਗੁਪਤ ਦੇ ਸਾਮਰਾਜ ਦਾ ਵਿਸਥਾਰ
4. ਮਹੱਤਵਪੂਰਨ ਇਤਿਹਾਸ ਸਥਾਨ

## ਇਤਿਹਾਸ
## ਸ਼੍ਰੇਣੀ-ਗਿਆਰਵੀਂ
## ਸਮੈਸਟਰ-II

**ਸਮਾਂ- 3 ਘੰਟੇ**

**ਇੱਕ ਪੇਪਰ** **ਅੰਕ : 85**

**ਸੀ.ਸੀ.ਈ/ ਆਂਤਰਿਕ ਮੁਲਾਂਕਣ : 35**

**ਕੁੱਲ ਅੰਕ : 12●**

### ਪ੍ਰਸ਼ਨ ਪੱਤਰ ਦੀ ਰੂਪ ਰੇਖਾ

1. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਭਾਗ ੳ, ਅ ਅਤੇ ੲ ਵਿੱਚ ਵੰਡਿਆ ਹੋਵੇਗਾ। ਸਾਰੇ ਭਾਗ ਕਰਨੇ ਲਾਜ਼ਮੀ ਹੋਣਗੇ।
2. ਭਾਗ ੳ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਸਮਾਜਿਕ, ਧਾਰਮਿਕ ਅੰਦੋਲਨ ਤੋਂ ਉੱਤਰ ਵਿੱਚ ਨਵੀਆਂ ਸ਼ਕਤੀਆਂ ਦਾ ਉਥਾਨ' ਤੱਕ ਦੀ ਸਮੱਗਰੀ ਸ਼ਾਮਲ ਹੋਵੇਗੀ।
3. ਭਾਗ ਅ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਮਹਾਰਾਜਾ ਰਣਜੀਤ ਸਿੰਘ' ਤੋਂ ਸੁਤੰਤਰਤਾ ਲਈ ਸੰਘਰਸ਼ ਤੱਕ ਦੀ ਸਮੱਗਰੀ ਸ਼ਾਮਿਲ ਹੋਵੇਗੀ।
4. ਭਾਗ ੲ ਵਿੱਚ ਤਿੰਨ ਨਕਸ਼ੇ ਹੋਣਗੇ।
5. ਕੁਲ 21 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਜਰੂਰੀ ਹੋਣਗੇ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹੋਣਗੇ।
6. ਭਾਗ ੳ ਅਤੇ ਅ ਵਿੱਚੋਂ 1●-1● ਪ੍ਰਸ਼ਨ ਹੋਣਗੇ। ਭਾਗ-ੲ ਵਿੱਚੋਂ ਨਕਸ਼ੇ ਦਾ ਇੱਕ ਪ੍ਰਸ਼ਨ ਹੋਵੇਗਾ।
7. ਭਾਗ ੳ ਵਿੱਚੋਂ ਪ੍ਰਸ਼ਨ ਨੰ: 1 ਤੋਂ 5 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ: 11 ਤੋਂ 15 ਤੱਕ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 1●-15 ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀਆਂ ਨੂੰ ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ। 1 X 10 = 10
8. ਭਾਗ ੳ ਵਿੱਚੋਂ ਪ੍ਰਸ਼ਨ 6 ਤੋਂ 9 ਅਤੇ ਭਾਗ ਅ ਵਿਚੋਂ ਪ੍ਰਸ਼ਨ ਨੰ : 16 ਤੋਂ 19 ਤੱਕ ਹੋਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 75-8● ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। 5 X 8 = 40
9. ਭਾਗ ੳ ਵਿੱਚੋਂ ਪ੍ਰਸ਼ਨ ਨੰ: 1● ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ: 2● ਹੋਵੇਗਾ। ਹਰੇਕ ਪ੍ਰਸ਼ਨ 1● ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 25●-3●● ਸ਼ਬਦਾਂ ਵਿੱਚ ਦੇਣਾ ਹੋਵੇਗਾ। ਇਨ੍ਹਾਂ ਪ੍ਰਸ਼ਨਾਂ ਵਿੱਚ 1●●% ਅੰਦਰੂਨੀ ਛੋਟ ਹੋਵੇਗੀ। ਪੇਪਰ ਸੈਟਰ ਇੱਕ ਚੈਪਟਰ ਵਿੱਚੋਂ ਇੱਕ ਤੋਂ ਵੱਧ ਪ੍ਰਸ਼ਨ ਸੈੱਟ ਨਹੀਂ ਕਰੇਗਾ। 1● X 2 = 20
10. ਭਾਗ ੲ ਵਿੱਚੋਂ ਨਕਸ਼ੇ ਦਾ ਪ੍ਰਸ਼ਨ ਨੰ: 21 ਸੈੱਟ ਕੀਤਾ ਜਾਵੇਗਾ, ਜਿਸ ਵਿੱਚ 1●●% ਅੰਦਰੂਨੀ ਚੋਣ ਹੋਵੇਗੀ। ਇਸ ਪ੍ਰਸ਼ਨ ਦੇ 15 ਅੰਕ ਹੋਣਗੇ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ ਹੋਣਗੇ। ਉਪ-ਭਾਗ ੳ ਵਿੱਚ ਮਾਨ ਚਿੱਤਰ ਭਰਨ ਲਈ ਕਿਹਾ ਜਾਵੇਗਾ। ਇਸ ਦੇ 8 ਅੰਕ ਹੋਣਗੇ। ਉਪ-ਭਾਗ ਅ ਵਿੱਚ ਮਾਨਚਿੱਤਰ ਵਿੱਚ ਭਰੇ ਹੋਏ ਸਥਾਨਾਂ ਦੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ, ਜਿਸ ਦੇ 7 ਅੰਕ ਹੋਣਗੇ। ਉਪ-ਭਾਗ ਅ ਦਾ ਉੱਤਰ ਲਗਭਗ 125-15● ਸ਼ਬਦਾਂ ਵਿੱਚ ਦੇਣਾ ਹੋਵੇਗਾ। 8 + 7 = 15
11. ਕੇਵਲ ਨੇਤਰਹੀਣ ਵਿਦਿਆਰਥੀਆਂ ਲਈ : (ਨੇਤਰਹੀਣ ਵਿਦਿਆਰਥੀਆਂ ਨੂੰ ਨਕਸ਼ੇ ਵਾਲੇ ਪ੍ਰਸ਼ਨ ਦੀ ਥਾਂ ਤੇ ਇੱਥੇ ਵੱਖਰਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਹ ਪ੍ਰਸ਼ਨ ਦੋ ਉਪ-ਭਾਗ ੳ ਅਤੇ ਅ ਵਿੱਚ ਵੰਡਿਆ ਹੋਵੇਗਾ। ਹਰੇਕ ਉੱਪ-ਭਾਗ ਦੇ 8 ਅਤੇ 7 ਅੰਕ ਹੋਣਗੇ। ਇਸ ਪ੍ਰਸ਼ਨ ਵਿੱਚ 1●●% ਅੰਦਰੂਨੀ ਛੋਟ ਹੋਵੇਗੀ।
12. ਪ੍ਰਸ਼ਨ ਪੱਤਰ ਨਿਰਧਾਰਤ ਸਿਲੇਬਸ ਵਿੱਚੋਂ ਹੋਵੇਗਾ।
13. ਪ੍ਰਸ਼ਨਾਂ ਦੀ ਭਾਸ਼ਾ ਸਾਦੀ ਅਤੇ ਸਰਲ ਹੋਣੀ ਚਾਹੀਦੀ ਹੈ।

## ਪਾਠਕ੍ਰਮ

### ਭਾਗ-ੳ

1. ਸਮਾਜਿਕ-ਧਾਰਮਿਕ ਅੰਦੋਲਨ
2. ਗੁਰੂ ਨਾਨਕ ਦੇਵ ਅਤੇ ਸਿੱਖ ਧਰਮ ਦੀ ਸਥਾਪਨਾ
3. ਮੁਗ਼ਲ ਸਾਮਰਾਜ ਦੀ ਸਥਾਪਨਾ
4. ਮੁਗ਼ਲ ਰਾਜ-ਵਿਵਸਥਾ ਅਤੇ ਸ਼ਾਸਨ ਪ੍ਰਬੰਧ
5. ਦੱਖਣੀ ਭਾਰਤ ਵਿੱਚ ਨਵੀਆਂ ਸ਼ਕਤੀਆਂ ਦਾ ਉੱਥਾਨ
6. ਉੱਤਰੀ ਭਾਰਤ ਵਿੱਚ ਨਵੀਆਂ ਸ਼ਕਤੀਆਂ ਦਾ ਉੱਥਾਨ

### ਭਾਗ-ਅ

7. ਮਹਾਰਾਜਾ ਰਣਜੀਤ ਸਿੰਘ
8. ਯੂਰਪੀਆਂ ਦਾ ਆਗਮਨ ਅਤੇ ਸਰਵ-ਉੱਚਤਾ ਦੇ ਲਈ ਸੰਘਰਸ਼
9. ਅੰਗਰੇਜ਼ੀ ਸਾਮਰਾਜ ਦਾ ਵਿਸਤਾਰ ਅਤੇ ਸੰਗਠਨ
10. ਬ੍ਰਿਟਿਸ਼ ਸਾਮਰਾਜ ਦੇ ਅਧੀਨ ਆਰਥਿਕ ਅਤੇ ਸਮਾਜਿਕ ਪਰਿਵਰਤਨ
11. ਸਮਾਜਿਕ ਧਾਰਮਿਕ ਅੰਦੋਲਨ
12. ਰਾਜਨੀਤਿਕ ਜਾਗ੍ਰਤੀ ਅਤੇ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਰਾਜਨੀਤਿਕ ਅੰਦੋਲਨ
13. ਸੁਤੰਤਰਤਾ ਦੇ ਲਈ ਸੰਘਰਸ਼

### ਭਾਗ-ੲ

1. 1526 ਵਿੱਚ ਭਾਰਤ
2. ਅਕਬਰ ਦੇ ਸਾਮਰਾਜ ਦਾ ਵਿਸਥਾਰ
3. ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦਾ ਵਿਸਥਾਰ
4. ਮਹੱਤਵਪੂਰਨ ਇਤਿਹਾਸ ਸਥਾਨ